ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ-2 ਸ਼ਾਖਾ)

ਸੇਵਾ ਵਿਖੇ,

1. ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ,
ਪੰਜਾਬ, ਚੰਡੀਗੜ੍ਹ;
2. ਡਾਇਰੈਕਟਰ,
ਸਿਹਤ ਸੇਵਾਵਾ (ਸ.ਬ)
ਪੰਜਾਬ, ਚੰਡੀਗੜ੍ਹ;
ਮਿਤੀ, ਚੰਡੀਗੜ੍ਹ; 28/01/22

ਵਿਸ਼ਾ:- ਨੀਟ ਪੀ.ਜੀ ਅਧੀਨ ਡੀ.ਐਨ.ਬੀ. ਕੋਰਸ ਕਰਨ ਲਈ ਕੌਂਸਲਿੰਗ ਅਟੈਂਡ ਕਰਨ ਵਾਸਤੇ ਪ੍ਰੋਵੀਜਨਲ ਇਤਰਾਜਹੀਣਤਾ ਸਰਟੀਫਿਕੇਟ (ਐਨ.ਓ.ਸੀ.) ਕਰਨ ਸਬੰਧੀ।

ਉਪਰੋਕਤ ਵਿਸੇ ਦੇ ਹਵਾਲੇ ਵਿਚ ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਆਪ ਵੱਲੋਂ ਭੇਜੇ ਗਏ ਹੇਠ ਲਿਖੇ ਮੈਡੀਕਲ ਅਫਸਰਾਂ ਦੇ ਵੇਰਵਿਆਂ/ਤਜਵੀਜ਼ਾਂ/ਸਿਫਾਰਸ਼ਾਂ ਨੂੰ ਸਰਕਾਰ ਦੀਆਂ ਹਦਾਇਤਾਂ ਮਿਤੀ 25.06.2019 ਅਤੇ ਮਿਤੀ 14.12.2021 ਵਿਚਾਰਨ ਉਪਰੰਤ ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵਿਆਂ ਅਨੁਸਾਰ ਵੱਖ-ਵੱਖ ਕੈਟਾਗਰੀ ਵਿੱਚ ਪੰਜਾਬ ਰਾਜ ਦੇ ਜਿਲ੍ਹਾ ਹਸਪਤਾਲਾਂ ਵਿੱਚੋ ਨੀਟ ਪੀ.ਜੀ ਅਧੀਨ ਡੀ.ਐਨ.ਬੀ. ਕੋਰਸ ਕਰਨ ਲਈ ਕੌਂਸਲਿੰਗ ਅਟੈਂਡ ਕਰਨ ਲਈ ਨਾਨ ਸਪਾਂਸਰਡ ਕੈਟਾਗਰੀ ਅਧੀਨ ਪ੍ਰੋਵੀਜਨਲ ਐਨ.ਓ.ਸੀ. ਜਾਰੀ ਕੀਤਾ ਜਾਂਦਾ ਹੈ:-

| ਲੜੀ ਨੰ: | ਡਾਕਟਰ ਦਾ ਨਾਮ , ਸੇਵਾ ਨੰਬਰ ਅਤੇ ਪੋਸਟਿੰਗ ਦਾ ਸਥਾਨ | ਜਨਮ ਮਿਤੀ / ਸੇਵਾ ਸ਼ੁਰੂ ਕਰਨ ਦੀ ਮਿਤੀ / ਰਿਟਾਇਰਮੈਂਟ ਦੀ ਮਿਤੀ | ਪਰਖ ਕਾਲ ਸਮਾਂ ਪਾਰ ਹੈ ਜਾਂ ਨਹੀਂ | ਸ਼ਿਕਾਇਤ / ਪੜਤਾਲ ਲੰਬਿਤ ਹੈ ਜਾਂ ਨਹੀਂ | ਡਾਕਟਰ ਬਾਂਡਿਡ ਹੈ | ਸੇਵਾ ਦੇ ਵੇਰਵਾ | ਵਿਸੇਸ ਕਥਨ<br>ਪੰਜਾਬ ਰਾਜ ਦੇ ਜਿਲ੍ਹਾ ਹਸਪਤਾਲਾਂ ਵਿੱਚੋ ਡੀ.ਐਨ.ਬੀ ਕੋਰਸ ਕਰਨ ਲਈ |
|---|---|---|---|---|---|---|---|
| 1 | ਡਾ. ਅਨੁਪ੍ਰੀਤ ਕੌਰ, ਮੈਡੀਕਲ ਅਫਸਰ, ਮੈਰਿਟ ਨੰ: 6/ ਬੈਚ 2020, ਸੀ.ਐਚ.ਸੀ. ਬੁੱਢਾਬੜ ਜਿਲ੍ਹਾ ਹੁਸ਼ਿਆਰਪੁਰ। | 14.12.94<br>01.12.20<br>31.12.52 | ਨਹੀ ਹੈ | ਨਹੀਂ ਜੀ | ਨਹੀ ਜੀ | ਮਿਤੀ 01.12.20 ਤੋਂ ਹੁਣ ਤੱਕ। | ਨਾਨ ਸਪਾਂਸਰਡ ਕੈਟਾਗਿਰੀ ਅਧੀਨ |
| 2 | ਡਾ. ਦਿਵਿਆ ਫੂਲ, ਮੈਡੀਕਲ ਅਫਸਰ, ਮੈਰਿਟ ਨੰ: 113/ਬੈਚ 2020, ਈ.ਐਸ.ਆਈ ਡਿਸਪੈਸਰੀ ਨੰ: 1, ਲੁਧਿਆਣਾ। | 31.03.95<br>02.12.20<br>31.03.53 | ਨਹੀ ਹੈ | ਨਹੀਂ ਜੀ | ਨਹੀ ਜੀ | ਮਿਤੀ 02.12.20 ਤੋਂ ਹੁਣ ਤੱਕ। | ਨਾਨ ਸਪਾਂਸਰਡ ਕੈਟਾਗਿਰੀ ਅਧੀਨ |

3. ਸਰਕਾਰ ਦੀਆ ਹਦਾਇਤਾਂ ਮਿਤੀ **14.12.2021** ਵਿੱਚ ਹੇਠ ਅਨੁਸਾਰ ਉਪਬੰਧ ਕੀਤਾ ਗਿਆ ਹੈ:-

ਅ. **<u>ਨਾਨ ਸਪਾਂਸਰਡ ਕੈਟਾਗਿਰੀ ਲਈ ਸ਼ਰਤਾਂ</u>**:-

i) ਜਿਨ੍ਹਾਂ ਪੀ.ਸੀ.ਐਮ.ਐਸ. ਮੈਡੀਕਲ ਅਫ਼ਸਰਾਂ ਨੇ 1 ਸਾਲ ਦੀ ਸੇਵਾ ਪੂਰੀ ਕੀਤੀ ਹੋਵੇ;
ii) ਪਰਖਕਾਲ ਸਮਾਂ ਪਾਰ ਹੋਵੇ ਜਾਂ ਨਾ ਹੋਵੇ;
iii) ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਂ ਕੋਈ ਵਿਜੀਲੈਂਸ ਪੜਤਾਲ ਆਦਿ ਲੰਬਿਤ ਨਾ ਹੋਵੇ;
iv) ਚੋਣ ਹੋਣ ਉਪਰੰਤ ਡਾਕਟਰ ਵੱਲੋਂ 3 ਸਾਲ ਦੀ ਸੇਵਾ ਕਰਨ ਲਈ ਰੁ.10,00,000/- (ਦੱਸ ਲੱਖ ਰੁਪਏ) ਦਾ ਬਾਂਡ ਭਰਨਾ ਹੋਵੇਗਾ;
v) ਕੋਰਸ ਕਰਨ ਉਪਰੰਤ ਡਾਕਟਰ ਦੀ 3 ਸਾਲ ਦੀ ਸੇਵਾ ਬਾਕੀ ਰਹਿੰਦੀ ਹੋਵੇ; ਅਤੇ
vi) ਜੇਕਰ ਡਾਕਟਰ ਕੋਰਸ ਕਰਨ ਉਪਰੰਤ ਸੇਵਾ ਪੂਰੀ ਨਹੀਂ ਕਰਦਾ ਜਾਂ ਬਾਂਡ ਮਨੀ ਨਹੀਂ ਭਰਦਾ ਤਾਂ ਉਸ ਦੀ ਰਜਿਸਟਰੇਸ਼ਨ ਸਬੰਧਤ ਮੈਡੀਕਲ ਕੌਂਸਲ ਤੋਂ ਰੱਦ ਕਰਵਾ ਦਿੱਤੀ ਜਾਵੇਗੀ।

4. ਉਕਤ ਦਰਜ ਡਾਕਟਰਾਂ ਨੂੰ ਪੰਜਾਬ ਰਾਜ ਦੇ ਜਿਲ੍ਹਾ ਹਸਪਤਾਲਾਂ ਵਿੱਚੋ ਡੀ.ਐਨ.ਬੀ ਕੋਰਸ ਕਰਨ ਲਈ ਨਾਨ-ਸਪਾਂਸਰਡ ਕੈਟਾਗਿਰੀ ਅਧੀਨ ਪ੍ਰੋਵੀਜਨਲ ਐਨ.ਓ.ਸੀ ਸਰਕਾਰ ਦੀਆਂ ਹਦਾਇਤਾਂ ਮਿਤੀ 25.06.2019 ਅਤੇ ਹਦਾਇਤਾਂ ਮਿਤੀ 14.12.2021 ਵਿੱਚ ਦਰਜ ਸਰਤਾ ਤੋ ਇਲਾਵਾ ਇਸ ਸ਼ਰਤ ਤੇ ਜਾਰੀ ਕੀਤਾ ਜਾਂਦਾ ਹੈ ਕਿ ਸਿਲੈਕਸਨ ਹੋਣ ਤੇ ਡਾਕਟਰ ਫਾਰਮਲ ਐਨ.ਓ.ਸੀ ਸਰਕਾਰ ਪਾਸੋ ਲੈ ਕੇ ਜਾਵੇਗਾ ਅਤੇ ਡਾਕਟਰ ਕੋਰਸ ਆਪਣੇ ਖਰਚੇ ਤੇ ਕਰੇਗਾ। ਜੇਕਰ ਬਾਅਦ ਵਿੱਚ ਕੋਈ ਪ੍ਰਤੀਕੂਲ ਮੁੱਦਾ ਸਾਹਮਣੇ ਆਉਣ ਕਾਰਨ ਜਾਰੀ ਕੀਤਾ ਜਾ ਰਿਹਾ ਐਨ.ਓ.ਸੀ ਮੁੜ ਵਿਚਾਰਿਆ ਜਾ ਸਕਦਾ ਹੈ।

5. ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਸੁਪਰਡੰਟ

ਮਿਤੀ:ਚੰਡੀਗੜ੍ਹ: 28/01/22

ਇਸ ਦਾ ਇਕ ਉਤਾਰਾ ਹੇਠ ਲਿੱਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, (ਸਿਹਤ-3 ਸ਼ਾਖਾ) ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ ਮੈਡੀਕਲ ਭਵਨ, ਸੈਕਟਰ-69, ਮੋਹਾਲੀ।
3. Director, National Board of Examinations in Medical Sciences, New Delhi (By email).
4. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ/ਪਟਿਆਲਾ। (ਵੈਬਸਾਇਟ ਰਾਹੀਂ https://health.punjab.gov.in)
5. ਸਬੰਧਤ ਸਿਵਲ ਸਰਜਨ। (ਵੈਬਸਾਇਟ ਰਾਹੀਂ https://health.punjab.gov.in)
6. ਸਬੰਧਤ ਡਾਕਟਰ। (ਵੈਬਸਾਇਟ ਰਾਹੀਂ https://health.punjab.gov.in)

ਸੁਪਰਡੰਟ